Date 8.4.24
Page 1

8.4.24

Tender Heart High school sec- 33 B chd

Class-9 Teacher- Ramandeep Kaur

Topic- ਪਹੁਤਾ ਪਾਂਧੀ ਕਹਾਣੀ - 1

ਸ਼ੁੱਭ ਸਵੇਰ

ਵਿਦਿਆਰਥੀਓ, ਇਸ ਹਫਤੇ ਅਸੀਂ ਨੌਵੀਂ ਜਮਾਤ ਦੇ ਪੰਜਾਬੀ ਵਿਸ਼ੇ ਦੀ ਕਹਾਣੀ 'ਪਹੁਤਾ ਪਾਂਧੀ' ਬਾਰੇ ਚਰਚਾ ਕਰਾਂਗੇ। 'ਗੁਰਬਖ਼ਸ਼ ਸਿੰਘ ਪ੍ਰੀਤਲੜੀ' ਦੀ ਇਹ ਕਹਾਣੀ ਤੁਹਾਡੀ ਪਾਠ-ਪੁਸਤਕ 'ਕਹਿ-ਕਥਾ' ਸੰਵੇਦਨਾ ਵਿੱਚ ਦਰਜ ਹੈ। ਇਸਦਾ ਵਿਸਥਾਰ [illegible]।

ਇਸ ਕਹਾਣੀ ਰਾਹੀਂ ਕਹਾਣੀਕਾਰ (ਗੁਰਬਖਸ਼ ਸਿੰਘ ਪ੍ਰੀਤਲੜੀ) ਸਮਾਜ ਵਿੱਚ ਵਿਚਰਦੇ ਅਜਿਹੇ ਮਨੁੱਖ ਬਾਰੇ ਲਿਖਦਾ ਹੈ ਜਿਹੜਾ ਆਮ ਲੋਕਾਂ ਵਿੱਚ ਰਹਿ ਕੇ ਬਹੁਤ ਖੁਸ਼ ਹੈ। ਇਸ ਕਹਾਣੀ ਦਾ ਮੁੱਖ ਪਾਤਰ ਮੇਜਰ ਸਾਹਿਬ ਫੌਜ ਵਿੱਚ ਚੰਗੇ ਅਹੁਦੇ ਤੇ ਹੈ ਪਰ ਇਨਸਾਨੀਅਤ ਨਾ ਭੁਲਦਾ ਹੋਇਆ ਸਭ ਦੀ ਮਦਦ ਕਰਦਾ ਹੈ ਅਤੇ ਸਭ ਪਾਸੋਂ ਆਦਰ ਸਤਿਕਾਰ ਪ੍ਰਾਪਤ ਕਰਦਾ ਹੈ।

★ ਅੰਮ੍ਰਿਤਸਰ ਤੋਂ ਲੁਧਿਆਣੇ ਜਾਣ ਵਾਲੀ ਗੱਡੀ ਦਾ ਹਾਲ

ਇਹ ਗੱਲ ਗੱਡੀ ਦੇ ਤੀਜੇ ਦਰਜੇ ਵਿੱਚ ਬੈਠੀਆਂ ਸਵਾਰੀਆਂ ਦੀ ਹੈ। ਇਹ ਡੱਬਾ ਮੁਸਾਫਰਾਂ ਨਾਲ ਖਚਾ-ਖਚ ਭਰਿਆ ਹੋਇਆ ਸੀ।

Class - 9 Teacher - Ramandeep Kaur

Topic - ਪਹੁਤਾ ਪਾਂਧੀ ਕਹਾਣੀ - 1

ਤਿਲ ਸੁੱਟਣ ਨੂੰ ਥਾਂ ਨਹੀਂ ਸੀ। ਅਗਲੇ ਸਟੇਸ਼ਨ ਤੇ ਇੱਕ ਭਾਰੇ ਸਰੀਰ ਵਾਲਾ ਵਿਅਕਤੀ ਧੱਕਾ ਦੇ ਕੇ ਡੱਬੇ ਵਿੱਚ ਚੜ੍ਹ ਗਿਆ ਅਤੇ ਉਸਨੂੰ ਦੇਖਕੇ ਬਾਕੀ ਸਾਰੀਆਂ ਸਵਾਰੀਆਂ ਨੂੰ ਬਹੁਤ ਗੁੱਸਾ ਆਇਆ ਅਤੇ ਉਹਨਾਂ ਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਇਹ ਕਿੱਥੇ ਬੈਠੇਗਾ, ਡੱਬੇ ਵਿੱਚ ਥਾਂ ਤਾਂ ਪਹਿਲਾਂ ਹੀ ਨਹੀਂ ਹੈ। ਪਰ ਉਸ ਡੱਬੇ ਵਿੱਚ ਇੱਕ ਸੱਜਣ ਪੁਰਖ ਵੀ ਬੈਠੇ ਸਨ ਤੇ ਉਹਨਾਂ ਨੇ ਉਸ ਮੋਟੇ ਬੰਦੇ ਨਾਲ ਅਰਾਮ ਨਾਲ ਗੱਲ ਕੀਤੀ ਅਤੇ ਹੌਲੀ - ਹੌਲੀ ਉਸਦੇ ਬੈਠਣ ਦੀ ਥਾਂ ਬਣਾ ਦਿੱਤੀ। ਫੱਟੇ ਦੀ ਬਾਰੀ ਤੇ ਪਹੁੰਚਣ ਤੋਂ ਬਾਅਦ ਉਸ ਮੁਸਾਫਰ ਨੇ ਮੇਜਰ ਸਾਹਿਬ ਦਾ ਸ਼ੁਕਰੀਆ ਕੀਤਾ।

★ ਅਗਲੇ ਸਟੇਸ਼ਨ ਤੇ ਹੋਰ ਸਵਾਰੀਆਂ ਦਾ ਡੱਬੇ ਵਿੱਚ ਚੜ੍ਹਨਾ - ਅਗਲੇ ਸਟੇਸ਼ਨ ਤੇ ਸਵਾਰੀ ਇੱਕ ਉਤਰੀ ਪਰ ਦੋ ਹੋਰ ਸਵਾਰੀਆਂ ਚੜ੍ਹੀਆਂ ਜਿਹਨਾਂ ਕੋਲ ਬਹੁਤ ਸਮਾਨ ਸੀ। ਬਾਕੀ ਮੁਸਾਫਰਾਂ ਨੂੰ ਬਹੁਤ ਖਿੱਝ ਆਈ ਕਿ ਰੇਲ ਗੱਡੀ ਦਾ ਡੱਬਾ ਹੈ ਜਾਂ ਤੂੜੀ ਵਾਲਾ ਕੋਠਾ ਜਿਸ ਦਾ ਜੀਅ ਕਰਦਾ ਹੈ ਇਸ ਵਿੱਚ ਹੀ ਆਈ ਜਾਂਦਾ ਹੈ। ਪਰ ਮੇਜਰ ਸਾਹਿਬ ਨੇ ਉਹਨਾਂ ਨਾਲ ਵੀ ਮਦਦਗਾਰ ਵਾਲਾ ਰਵੱਈਆ ਰੱਖਿਆ ਅਤੇ ਗੱਡੀ ਦੇ ਡੱਬੇ ਵਾਲਾ ਪਖਾਨਾ ਸਾਫ ਕਰਵਾ ਕੇ ਉਹਨਾਂ ਦਾ ਸਮਾਨ ਰਖਵਾਇਆ ਅਤੇ ਬੈਠਣ ਨੂੰ ਥਾਂ ਦਿੱਤੀ। ਸਭ ਸਵਾਰੀਆਂ ਮੇਜਰ ਸਾਹਿਬ ਦੇ ਸੁਭਾਅ ਤੋਂ ਹੈਰਾਨ ਵੀ ਹੋ ਰਹੀਆਂ ਸਨ।

(8.4.24) (3)

Class- 9 Teacher- Ramandeep Kaur

Topic- ਪੜ੍ਹਤ ਪੰਜਾਬੀ ਕਹਾਣੀ - 1

★ ਸਟੇਸ਼ਨ ਤੇ ਮਿਠਿਆਈ ਵੇਚਣ ਵਾਲੇ ਦਾ ਆਉਣਾ

ਕਹਾਣੀ ਹਰ ਮੋੜ ਤੇ ਮੇਜਰ ਸਾਹਿਬ ਦੇ ਨਵੇਂ ਗੁਣ ਦਰਸਾਉਂਦੀ ਹੈ। ਇੱਕ ਸਟੇਸ਼ਨ ਤੇ ਇੱਕ ਮਿਠਿਆਈ ਵੇਚਣ ਵਾਲਾ ਆਇਆ। ਸਤ ਦਾ ਜੀਅ ਕਰ ਰਿਹਾ ਸੀ ਕਿ ਮਿਠਿਆਈ ਖਾਧੀ ਜਾਵੇ ਪਰ ਡੱਬੇ ਦੀ ਭੀੜ ਨੂੰ ਵੇਖਕੇ ਅਸੰਭਵ ਜਾਪਦਾ ਹੈ। ਮੇਜਰ ਸਾਹਿਬ ਸਤ ਦੇ ਮਨ ਦੀ ਗੱਲ ਭਾਂਪ ਗਏ ਸਨ ਤੇ ਦਲਾਸਾ ਦਿੱਤੀ ਕਿ ਆਪ ਹੀ ਸਤ ਦੇ ਪੈਸੇ ਦੇ ਦੇਣਗੇ। ਸਤ ਨੇ ਮਿਠਿਆਈ ਦਾ ਅਨੰਦ ਮਾਣਿਆ ਅਤੇ ਮੇਜਰ ਸਾਹਿਬ ਦਾ ਤਹਿ ਦਿਲੋਂ ਸ਼ੁਕਰੀਆ ਕੀਤਾ। ਮਿਠਿਆਈ ਵਾਲੇ ਭਾਈ ਨੂੰ ਪੈਸੇ ਦੇ ਕੇ ਤੋਰ ਦਿੱਤਾ ਅਤੇ ਕਿਹਾ ਕਿ ਇਹਨਾਂ ਤੋਂ ਮੈਂ ਆਪ ਉਗਰਾਹ ਲਵਾਂਗਾ। ਸਤ ਨੇ ਮੇਜਰ ਸਾਹਿਬ ਨੂੰ ਦੁਆਵਾਂ ਦਿੱਤੀਆਂ।

★ ਡੱਬੇ ਵਿੱਚ ਸਿਗਰਟ ਪੀਣ ਵਾਲੀ ਸਵਾਰੀ - ਰੇਲ

ਗੱਡੀ ਦੇ ਡੱਬੇ ਵਿੱਚ ਇੱਕ ਮੁਸਾਫ਼ਰ ਸਿਗਰਟ ਪੀਣ ਲੱਗਿਆ ਜਿਸ ਨਾਲ ਕੁੱਝ ਦੂਜੀਆਂ ਸਵਾਰੀਆਂ ਤੰਗ ਹੋਣ ਲੱਗੀਆਂ ਤੇ ਆਪਸ ਵਿੱਚ ਤੂੰ - ਤੂੰ ਮੈਂ - ਮੈਂ ਵਧਣ ਲੱਗੀ। ਇਹ ਸਭ ਵੇਖਕੇ ਮੇਜਰ ਸਾਹਿਬ ਨੇ ਉਸ ਮੁਸਾਫ਼ਰ ਨੂੰ ਕਿਹਾ ਕਿ ਜੇਕਰ ਤੂੰ ਸਿਗਰਟ ਪੀਣੀ ਹੀ ਹੈ ਤਾਂ ਇਸਦਾ ਧੂੰਆਂ ਬਾਰੀ ਤੋਂ ਬਾਹਰ ਵਲ ਨੂੰ ਸੁਟੀਂ ਉਹ ਸਾਡੇ ਵਲ ਨਹੀਂ ਆਉਣਾ

Class-9 Teacher- Ramandeep Kaur

Topic- ਪਹੁਤਾ ਪਾਂਧੀ ਕਹਾਣੀ - 1

ਚਾਹੀਦਾ। ਤੂੰ ਸਿਗਰਟ ਜ਼ਰੂਰ ਪੀ। ਇਸ ਤਰ੍ਹਾਂ ਇਸ ਝਗੜੇ ਦਾ ਵੀ ਨਿਪਟਾਰਾ ਕਰ ਦਿੱਤਾ। ਗੱਲ ਕੀ ਮੇਜਰ ਸਾਹਿਬ ਰੇਲ ਕੋਈ ਜਾਦੂ ਦਾ ਪਿਟਾਰਾ ਹੈ। ਹਰ ਰੌਲੇ ਦਾ ਹਲ ਲਭ ਲੈਂਦੇ ਹਨ। ਆਪਣੇ ਅਜਿਹੇ ਗੁਣਾਂ ਕਰਕੇ ਉਹਨਾਂ ਨੇ ਸਾਰੀਆਂ ਸਵਾਰੀਆਂ ਦੇ ਦਿਲਾਂ ਵਿੱਚ ਆਪਣੀ ਥਾਂ ਬਣਾ ਲਈ ਹੈ।

★ ਅਭਿਆਸ ਲਈ ਦਿੱਤੇ ਪ੍ਰਸ਼ਨ ਹਲ ਕਰਨ ਦਾ ਯਤਨ ਕਰੋ।

1. ਰੇਲ ਗੱਡੀ ਕਿੱਥੋਂ ਕਿੱਥੇ ਜਾ ਰਹੀ ਸੀ?
2. ਕਹਾਣੀ ਵਿੱਚ ਕਿਹੜੇ ਦਰਜੇ ਦੀ ਗੱਲ ਹੋ ਰਹੀ ਸੀ?
3. ਮੇਜਰ ਸਾਹਿਬ ਕੀ ਕੰਮ ਕਰਦੇ ਸੀ?
4. ਮੇਜਰ ਸਾਹਿਬ ਨੇ ਕਿਹੜੇ ਭਾਈ ਨੂੰ ਪੈਸੇ ਦਿੱਤੇ ਸੀ?
5. ਮੇਜਰ ਸਾਹਿਬ ਦਾ ਸੁਭਾਅ ਕਿਹੋ ਜਿਹਾ ਸੀ?

ਆਓ ਹੁਣ ਉੱਤਰ ਵਿਚਾਰੀਏ

1. ਰੇਲ ਗੱਡੀ ਅੰਮ੍ਰਿਤਸਰ ਤੋਂ ਲੁਧਿਆਣੇ ਜਾ ਰਹੀ ਸੀ।
2. ਰੇਲ ਗੱਡੀ ਦੇ ਤੀਜੇ ਦਰਜੇ ਬਾਰੇ ਗੱਲ ਹੋ ਰਹੀ ਸੀ।
3. ਮੇਜਰ ਸਾਹਿਬ ਫੌਜ ਦੇ ਅਫਸਰ ਸਨ।
4. ਮੇਜਰ ਸਾਹਿਬ ਨੇ ਸਿਰਕੀਵਾਲੇ ਨੂੰ ਪੈਸੇ ਦਿੱਤੇ।
5. ਉਹ ਹਸਮੁੱਖ ਅਤੇ ਮਦਦਗਾਰ ਸੀ।

ਬਾਕੀ ਕਹਾਣੀ ਅਗਲੇ ਹਫਤੇ ਵਿਚਾਰਾਂਗੇ।

ਧੰਨਵਾਦ

(last page)